# ਰਵਿਦਾਸੀਆ ਧਰਮ ਦੇ ਨਿਯਮ

ਜਗਤ ਗੁਰੂ ਰਵਿਦਾਸ ਮਹਾਰਾਜ ਜੀ



1. ਸਾਡਾ ਰਹਿਬਰ :
   ਸਤਿਗੁਰੂ ਰਵਿਦਾਸ ਮਹਾਰਾਜ ਜੀ
2. ਸਾਡਾ ਧਰਮ : ਰਵਿਦਾਸੀਆ
3. ਸਾਡੀ ਧਾਰਮਿਕ ਪੁਸਤਕ :
   ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ
4. ਸਾਡਾ ਕੌਮੀ ਨਿਸ਼ਾਨ ਸਾਹਿਬ :
5. ਸਾਡਾ ਸੰਬੋਧਨ : ਜੈ ਗੁਰਦੇਵ
6. ਸਾਡਾ ਮਹਾਨ ਤੀਰਥ ਅਸਥਾਨ :
   ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਮੰਦਰ ਸੀਰ ਗੋਵਰਧਨਪੁਰ ਵਾਰਾਨਸੀ (ਯੂ.ਪੀ.)
7. ਸਾਡਾ ਉਦੇਸ਼ :
   ਸਤਿਗੁਰੂ ਰਵਿਦਾਸ ਜੀ ਦੀ ਮਾਨਵਤਾਵਾਦੀ ਵਿਚਾਰਧਾਰਾ ਦਾ ਪ੍ਰਚਾਰ। ਇਸ ਦੇ ਨਾਲ ਨਾਲ ਮਹਾਰਿਸ਼ੀ ਭਗਵਾਨ ਵਾਲਮੀਕ ਜੀ, ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਕਬੀਰ ਜੀ, ਸਤਿਗੁਰੂ ਤ੍ਰਿਲੋਚਨ ਜੀ, ਸਤਿਗੁਰੂ ਸੈਨ ਜੀ ਅਤੇ ਸਤਿਗੁਰੂ ਸਧਨਾ ਜੀ ਦੀ ਮਾਨਵਤਾਵਾਦੀ ਵਿਚਾਰਧਾਰਾ ਦਾ ਪ੍ਰਚਾਰ ਕਰਨਾ।
   : ਸਾਰੇ ਧਰਮਾਂ ਦਾ ਸਤਿਕਾਰ ਕਰਨਾ, ਮਾਨਵਤਾ ਨਾਲ ਪਿਆਰ ਕਰਨਾ ਅਤੇ ਸਦਾਚਾਰੀ ਜੀਵਨ ਬਤੀਤ ਕਰਨਾ।

ਨੋਟ : * ਜਨਗਣਨਾ ਵਿੱਚ ਆਪਣਾ ਰਵਿਦਾਸੀਆ ਧਰਮ ਜਰੂਰ ਲਿਖਵਾਓ ਜੀ
* ਆਪਣੇ ਸਾਰੇ ਸਮਾਜਿਕ ਅਤੇ ਧਾਰਮਿਕ ਕਾਰਜ ਰਵਿਦਾਸੀਆ ਧਰਮ ਅਤੇ ਅੰਮ੍ਰਿਤਬਾਣੀ ਦੇ ਅਨੁਸਾਰ ਕਰੋ ਜੀ।

## ਆਰਤੀ

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥੧॥ ਰਹਾਉ ॥
ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ
ਨਾਮੁ ਤੇਰਾ ਕੇਸਰੋ ਲੇ ਛਿਟਕਾਰੇ ॥
ਨਾਮੁ ਤੇਰਾ ਅੰਭੁਲਾ ਨਾਮ ਤੇਰੋ ਚੰਦਨੋ
ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ ॥੧॥
ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ
ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ ॥
ਨਾਮੁ ਤੇਰੇ ਕੀ ਜੋਤਿ ਲਗਾਈ
ਭਇਓ ਉਜਿਆਰੋ ਭਵਨ ਸਗਲਾਰੇ ॥੨॥
ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ
ਭਾਰ ਅਠਾਰਹ ਸਗਲ ਜੂਠਾਰੇ ॥
ਤੇਰੋ ਕੀਆ ਤੁਝਹਿ ਕਿਆ ਅਰਪਉ
ਨਾਮੁ ਤੇਰਾ ਤੁਹੀ ਚਵਰ ਢੋਲਾਰੇ ॥੩॥
ਦਸ ਅਠਾ ਅਠਸਠੇ ਚਾਰੇ ਖਾਣੀ
ਇਹੈ ਵਰਤਣਿ ਹੈ ਸਗਲ ਸੰਸਾਰੇ ॥
ਕਹੈ ਰਵਿਦਾਸੁ ਨਾਮੁ ਤੇਰੋ ਆਰਤੀ
ਸਤਿਨਾਮੁ ਹੈ ਹਰਿ ਭੋਗ ਤੁਹਾਰੇ ॥੪॥

ਭਾਵ ਅਰਥ – ਸਤਿਗੁਰੂ ਰਵਿਦਾਸ ਜੀ ਮਹਾਰਾਜ ਮਾਨਵਤਾ ਨੂੰ ਸਭ ਵਹਿਮਾਂ ਭਰਮਾਂ ਤੋਂ ਮੁਕਤ ਹੋ ਕੇ, ਹਰਿ ਦਾ ਨਾਮ ਜਪਣ ਰੂਪੀ ਸੱਚੀ ਆਰਤੀ ਕਰਨ ਦਾ ਪਾਵਨ ਉਪਦੇਸ਼ ਦਿੰਦੇ ਹਨ।

ਹੇ ਹਰਿ ਜੀ! ਆਪ ਜੀ ਦਾ ਨਾਮ ਜਪਣਾ ਹੀ ਆਪ ਜੀ ਦੀ ਸੱਚੀ ਆਰਤੀ ਹੈ ਅਤੇ ਆਪ ਜੀ ਦਾ ਨਾਮ ਜਪਣਾ ਹੀ ਆਪ ਜੀ ਨੂੰ ਇਸ਼ਨਾਨ ਕਰਵਾਉਣਾ ਹੈ। ਆਪ ਜੀ ਦੇ ਨਾਮ ਤੋਂ ਬਿਨਾਂ ਸੰਸਾਰ ਦੇ ਬਾਕੀ ਸਭ ਪਾਸਾਰੇ ਝੂਠੇ ਹਨ।

ਆਪ ਜੀ ਦਾ ਨਾਮ ਜਪਣਾ ਹੀ ਆਰਤੀ ਲਈ ਆਸਣ ਲਗਾਉਣਾ ਹੈ ਅਤੇ ਆਪ ਜੀ ਨਾਮ ਜਪਣਾ ਹੀ ਕੇਸਰ ਰਗੜਣ ਵਾਲਾ ਉਰਸਾ ਹੈ ਭਾਵ ਕੇਸਰ ਰਗੜਣ ਵਾਲਾ ਪੱਥਰ ਹੈ ਅਤੇ ਆਪ ਜੀ ਦਾ ਨਾਮ ਜਪਣਾ ਹੀ ਆਪ ਉੱਪਰ ਕੇਸਰ ਛਿੜਕਣਾ ਹੈ।

ਆਪ ਜੀ ਦਾ ਨਾਮ ਹੀ ਪਾਣੀ ਹੈ, ਆਪ ਜੀ ਦਾ ਨਾਮ ਹੀ ਚੰਦਨ ਹੈ ਆਪ ਜੀ ਦਾ ਨਾਮ ਹੀ ਚੰਦਨ ਘਿਸਾ ਕੇ ਆਪ ਨੂੰ ਚੜ੍ਹਾਉਣਾ ਹੈ।

ਆਪ ਜੀ ਦਾ ਨਾਮ ਜਪਣਾ ਹੀ ਆਰਤੀ ਲਈ ਦੀਵਾ ਹੈ, ਨਾਮ ਰੂਪੀ ਬੱਤੀ ਦੀਵੇ ਵਿੱਚ ਪਾਈ ਹੈ ਅਤੇ ਆਪ ਜੀ ਦਾ ਨਾਮ ਹੀ ਉਸ ਦੀਵੇ ਵਿੱਚ ਤੇਲ ਪਾਇਆ ਹੈ।

ਆਪ ਜੀ ਦੇ ਨਾਮ ਦੀ ਹੀ ਜੋਤ ਜਗਾਈ ਹੈ, ਜਿਸ ਨਾਲ ਸਾਰੇ ਭਵਨਾਂ ਭਾਵ ਖੰਡਾਂ ਬ੍ਰਹਿਮੰਡਾਂ ਵਿਚ ਆਪ ਜੀ ਦਾ ਪ੍ਰਕਾਸ਼ ਹੋ ਰਿਹਾ ਹੈ।

ਆਪ ਜੀ ਦਾ ਨਾਮ ਹੀ ਧਾਗਾ ਹੈ ਅਤੇ ਆਪ ਦਾ ਨਾਮ ਹੀ ਫੁੱਲਾਂ ਦੀ ਮਾਲਾ ਹੈ। ਆਪ ਦੇ ਨਾਮ ਤੋਂ ਬਿਨਾਂ ਸੰਸਾਰ ਦੀ ਸਾਰੀ ਬਨਾਸਪਤੀ ਦੇ ਅਠਾਰਾਂ ਭਾਰ ਅਪਵਿੱਤਰ ਹਨ।

ਹੇ ਹਰਿ ਜੀ ਆਪ ਜੀ ਦੀ ਪੈਦਾ ਕੀਤੀ ਹੋਈ ਸ੍ਰਿਸ਼ਟੀ ਵਿੱਚੋਂ ਮੈਂ ਆਪ ਜੀ ਨੂੰ ਕੀ ਅਰਪਨ ਕਰਾਂ? ਆਪ ਜੀ ਦਾ ਨਾਮ ਜਪਣਾ ਹੀ ਮੈਂ ਆਪ ਜੀ ਤੇ ਚੌਰ ਝੁਲਾਉਂਦਾ ਹਾਂ।

ਅਠਾਰਾਂ ਪੁਰਾਣਾਂ, ਅਠਾਹਟ ਤੀਰਥਾਂ ਤੇ ਚਾਰੇ ਖਾਣੀਆਂ (ਅੰਡਜ, ਜੇਰਜ, ਸੇਤਜ ਤੇ ਉਤਭੁਜ) ਵਿਚ ਸਾਰਾ ਸੰਸਾਰ ਵਿਚਰ ਰਿਹਾ ਹੈ।

ਸਤਿਗੁਰੂ ਰਵਿਦਾਸ ਮਹਾਰਾਜ ਜੀ ਫੁਰਮਾਉਂਦੇ ਹਨ ਕਿ ਹੇ ਹਰਿ ਜੀ! ਆਪ ਜੀ ਦਾ ਨਾਮ ਜਪਣਾ ਹੀ ਮੇਰੇ ਲਈ ਸੱਚੀ ਆਰਤੀ ਕਰਨੀ ਹੈ। ਹੇ ਹਰਿ ਜੀ, ਸਤਿਨਾਮ ਦਾ ਉਚਾਰਣ ਕਰਨਾ ਹੀ ਆਪ ਜੀ ਨੂੰ ਭੋਗ ਲਗਾਉਣਾ ਹੈ।

ਸਤਿਗੁਰੂ ਸਰਵਣ ਦਾਸ ਜੀ



ਸੰਤ ਸੁਰਿੰਦਰ ਦਾਸ ਬਾਵਾ ਜੀ




# Ravidassia Dharam Parchar Asthan

Vill. Kahanpur, P.O. Raipur-Rasoolpur, Distt. Jalandhar (Punjab)
Email: ravidassiadharam@gmail.com Website: www.ravidassiadharam.org
facebook : ravidassiadharamparcharasthan Youtube : Ravidassia Dharam Parchar Asthan, Kahanpur Jalandhar